# ਨੌਜਵਾਨ ਭਾਰਤ ਸਭਾ ਨੇ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ



ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਦਿਨ 'ਤੇ ਨੌਜਵਾਨ ਭਾਰਤ ਸਭਾ ਵਲੋਂ ਪਿੰਡ ਪੱਖੋਵਾਲ਼ (ਲੁਧਿਆਣਾ), ਪਿੰਡ ਅਲੌੜ (ਖੰਨਾ), ਪਿੰਡ ਭਾਦਲੇ (ਖੰਨਾ) ਅਤੇ ਮੰਡੀ ਗੋਬਿੰਦਗੜ੍ਹ ਵਿਖੇ ਨੁੱਕੜ ਸਭਾਵਾਂ, ਝੰਡਾ ਅਤੇ ਮਸ਼ਾਲ ਮਾਰਚਾਂ ਦਾ ਆਯੋਜਨ ਕੀਤਾ ਗਿਆ।

ਪਿੰਡ ਪੱਖੋਵਾਲ਼ ਵਿਖੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਮਸ਼ਾਲ ਮਾਰਚ ਵਿੱਚ ਭਾਗ ਲਿਆ। ਜ਼ੋਰਦਾਰ ਨਾਅਰੇ ਬੁਲੰਦ ਕਰਦੇ ਹੋਏ ਹੋਏ ਨੌਜਵਾਨਾਂ ਦੇ ਕਾਫ਼ਲੇ ਨੇ ਪਿੰਡ ਦੇ ਲੋਕਾਂ ਦੇ ਦਿਲਾਂ ਵਿੱਚ ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਤਾਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਮਸ਼ਾਲ ਮਾਰਚ ਦੌਰਾਨ ਪਿੰਡ ਦੀਆਂ ਕਈ ਥਾਵਾਂ 'ਤੇ ਨੁੱਕੜ ਸਭਾਵਾਂ ਹੋਈਆਂ ਜਿਨਾਂ ਦੌਰਾਨ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਆਮ ਲੋਕਾਂ ਨੂੰ ਸੰਬੋਧਿਤ ਕੀਤਾ। ਨੌਜਵਾਨ ਭਾਰਤ ਸਭਾ ਦੇ ਸੰਚਾਲਕ ਡਾ. ਪਰਮਿੰਦਰ ਨੇ ਇੱਕ ਨੁੱਕੜ ਸਭਾ ਦੌਰਾਨ ਲੋਕਾਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸ਼ਹੀਦੇ-ਆਜ਼ਮ ਦੀ ਸੋਚ ਦੀ ਮਸ਼ਾਲ ਨੂੰ ਬਲ਼ਦੇ ਰੱਖਣਾ ਮੌਜੂਦਾ ਹਨੇਰੇ ਸਮੇਂ ਦੀ ਮੰਗ ਹੈ। ਸ਼ਹੀਦੇ ਆਜ਼ਮ ਅਤੇ ਉਸਦੇ ਪਿਆਰੇ ਦੱਬੇ-ਕੁਚਲੇ ਕਿਰਤੀ ਲੋਕਾਂ ਦੇ ਦੁਸ਼ਮਣ ਭੇਸ ਵਟਾ ਕੇ ਅੱਜ ਵੀ ਗੱਦੀਆਂ 'ਤੇ ਬਿਰਾਜਮਾਨ ਹਨ। ਲੋਕ ਅੱਜ ਵੀ ਗੁਲਾਮੀ ਕੱਟ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਨੌਜਵਾਨਾਂ ਨੂੰ ਆਪਣੇ ਜ਼ਮੀਰ ਦੀ ਅਵਾਜ਼ ਸੁਣਨੀ ਹੀ ਪਵੇਗੀ। ਨਵੇਂ

ਇਨਕਲਾਬ ਦੀ ਮਸ਼ਾਲ ਲੈ ਕੇ ਤੁਰਨ ਨੂੰ ਹੀ ਅੱਜ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸੱਚੇ ਅਰਥਾਂ 'ਚ ਸ਼ਰਧਾਂਜਲੀ ਕਿਹਾ ਜਾ ਸਕਦਾ ਹੈ।

ਖੰਨੇ ਲਾਗੇ ਪੈਂਦੇ ਪਿੰਡ ਅਲੌੜ ਅਤੇ ਪਿੰਡ ਭਾਦਲੇ ਵਿਖੇ ਨੌਜਵਾਨਾਂ ਨੇ 'ਸ਼ਹੀਦੇ ਆਜ਼ਮ ਭਗਤ ਸਿੰਘ ਅਮਰ ਰਹੇ','ਸ਼ਹੀਦੋ ਤੁਹਾਡੇ ਕਾਜ ਅਧੂਰੇ, ਲਾ ਕੇ ਜਿੰਦੜੀਆਂ ਕਰਾਂਗੇ ਪੂਰੇ' 'ਅਮਰ ਸ਼ਹੀਦਾਂ ਦਾ ਪੈਗਾਮ, ਜਾਰੀ ਰੱਖਣਾ ਹੈ ਸੰਗਰਾਮ' ਆਦਿ ਨਾਅਰੇ ਬੁਲੰਦ ਕਰਦੇ ਹੋਏ ਝੰਡਾ ਮਾਰਚ ਕੀਤਾ। ਝੰਡਾ ਮਾਰਚ ਦੌਰਾਨ ਨੌਜਵਾਨ ਭਾਰਤ ਸਭਾ ਵਲੋਂ ਸ਼ਹੀਦੇ ਆਜ਼ਮ ਦੀ ਯਾਦ ਵਿੱਚ ਜਾਰੀ ਕੀਤਾ ਗਿਆ ਪਰਚਾ ਵੀ ਵੰਡਿਆ ਗਿਆ। ਦੋਹਾਂ ਹੀ ਪਿੰਡਾਂ ਵਿੱਚ ਲੋਕਾਂ ਦੇ ਭਰਵੇਂ ਇਕੱਠਾਂ ਵਿੱਚ ਨੌਭਾਸ ਦੀ ਅਲੌੜ ਇਕਾਈ ਵਲੋਂ ਤਿਆਰ ਕੀਤਾ ਗਿਆ ਨਾਟਕ 'ਟੋਆ' ਖੇਡਿਆ ਗਿਆ। ਜਤਿੰਦਰ, ਸਤਨਾਮ ਅਤੇ ਵਰਿੰਦਰ ਦੁਆਰਾ 'ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ', 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਗੀਤ ਪੇਸ਼ ਕੀਤੇ ਗਏ। ਅਲੋੜ ਅਤੇ ਭਾਦਲੇ ਦੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਸਾਥੀ ਅਜੇਪਾਲ ਨੇ ਕਿਹਾ ਗਿਆ ਕਿ ਅੰਗਰੇਜ਼ ਹਾਕਮਾਂ ਅਤੇ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਗੱਦੀਆਂ 'ਤੇ ਬੈਠੇ ਕਾਲ਼ੇ ਅੰਗਰੇਜ਼ਾਂ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਂ ਅਤੇ ਸੋਚ ਨੂੰ ਇਤਿਹਾਸ ਦੇ ਪੰਨਿਆਂ ਤੋਂ ਮਿਟਾਉਣ ਦੀਆਂ ਖੁੱਲੀਆਂ ਭਾਂਵੇਂ ਲੁਕੀਆਂ ਲੱਖ ਕੋਸ਼ਿਸ਼ਾਂ ਕੀਤੀਆਂ ਪਰ ਉਸ ਮਹਾਨ ਇਨਕਲਾਬੀ ਦਾ ਨਾਂ ਦੇਸ਼ ਵਾਸੀਆਂ ਦੇ ਦਿਲਾਂ ਵਿੱਚੋਂ ਮਿਟਾਇਆ ਨਹੀਂ ਜਾ ਸਕਿਆ ਅਤੇ ਉਸਦਾ ਲਾਇਆ ਇਨਕਲਾਬ ਦਾ ਨਾਅਰਾ ਅੱਜ ਵੀ ਦੇਸ਼ ਦੇ ਕੋਨੇ ਕੋਨੇ ਵਿੱਚ ਗੂੰਜ ਰਿਹਾ ਹੈ। ਮਾਸਟਰ ਗੁਰਪ੍ਰੀਤ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼ਹੀਦੇ ਆਜ਼ਮ ਤੋਂ ਪ੍ਰੇਰਣਾ ਅਤੇ ਮਾਰਗਦਰਸ਼ਨ ਲੈਂਦੇ ਹੋਏ ਸਮਾਜ ਬਦਲਣ ਦੇ ਰਾਹ ਪੈਣਾ ਚਾਹੀਦਾ ਹੈ। ਉਹਨਾਂ ਨੌਜਵਾਨਾਂ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਚਲ ਰਹੀ ਜੱਦੋਜਹਿਦ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਉਹਨਾਂ ਬਹੁਤ ਹੀ ਸੋਹਣੇ ਅੰਦਾਜ਼ ਵਿੱਚ ਵਰਿਆਮ ਸੰਧੂ ਦੀ ਲਿਖੀ ਸ਼ਹੀਦੇ ਆਜ਼ਮ ਨੂੰ ਸਮਰਪਿਤ ਕਵਿਤਾ 'ਸ਼ਹੀਦ ਦਾ ਬੁੱਤ' ਪੇਸ਼ ਕੀਤੀ।

ਮੰਡੀ ਗੋਬਿੰਦਗੜ੍ਹ ਵਿਖੇ ਵੱਖ-ਵੱਖ ਗਲੀਆਂ, ਮੁਹੱਲਿਆਂ, ਬਜ਼ਾਰਾਂ ਵਿੱਚ ਨੌਜਵਾਨ ਭਾਰਤ ਸਭਾ ਦੀ ਟੋਲੀ ਨੇ ਪਰਚੇ ਵੰਡਦੇ ਹੋਏ ਅਤੇ ਨਾਅਰੇ ਬੁਲੰਦ ਕਰਦੇ ਹੋਏ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਆਮ ਲੋਕਾਂ ਤੱਕ ਪੁਹੰਚਾਇਆ।

28 ਸਤੰਬਰ ਨੂੰ ਮੰਡੀ ਗੋਬਿੰਦਗੜ੍ਹ ਅਤੇ ਖੰਨੇ ਵਿਖੇ ਨੌਜਵਾਨ ਭਾਰਤ ਸਭਾ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸਮਰਪਿਤ ਇਨਕਲਾਬੀ ਅਤੇ ਉਸਾਰੂ ਪੁਸਤਕਾਂ ਦੀਆਂ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਗਿਆ।